ਪ੍ਰੈਸ ਰਿਲੀਜ਼ 18 ਮਈ 2018

ਤੁਰੰਤ ਜਾਰੀ ਕਰਨ ਲਈ

# ਯੂਨਾਈਟਿਡ ਸਿਖਸ ਨੇ ਨਰਾਇਣ ਦਾਸ ਦੇ ਖਿਲਾਫ ਸਿੱਖ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਾਰਣ ਕ੍ਰਿਮਿਨਲ ਕੰਪਲੇਂਟ ਦਰਜ ਕਰਵਾਈ।

ਯੂਨਾਈਟਿਡ ਸਿਖਸ ਨੇ ਅੱਜ ਅੰਮ੍ਰਿਤਸਰ ਦੇ ਆਈ.ਜੀ.ਪੀ. ਕਮ ਕਮਿਸ਼ਨਰ ਦੇ ਕੋਲ ਇਕ ਕ੍ਰਿਮਿਨਲ ਕੰਪਲੇਂਟ ਦਰਜ ਕਰਵਾਈ ਹੈ।ਇਹ ਕ੍ਰਿਮਿਨਲ ਕੰਪਲੇਂਟ, ਸੰਤ ਨਰਾਇਣ ਦਾਸ ਦੇ ਖਿਲਾਫ ਕੀਤੀ ਗਈ ਹੈ, ਜਿਸਨੇ ਪੰਜਵੇਂ ਸਿੱਖ ਗੁਰੂ, ਗੁਰੂ ਅਰਜਨ ਸਾਹਿਬ ਜੀ ਦੇ ਖਿਲਾਫ ਅਪਮਾਨਜਨਕ, ਨਿੰਦਿਆਜਨਕ ਅਤੇ ਭੜਕਾਉਣ ਵਾਲੇ ਸ਼ਬਦ ਬੋਲੇ ਹਨ, ਜਿਸ ਕਰਕੇ ਸਿੱਖ ਧਾਰਮਿਕ ਭਾਵਨਾਂਵਾਂ ਨੂੰ ਠੇਸ ਪਹੁੰਚੀ ਹੈ ਅਤੇ ਜਿਸ ਕਰਕੇ ਫਿਰਕੂ ਨਫਰਤ ਅਤੇ ਹਿੰਸਾ ਭੜਕ ਸਕਦੀ ਹੈ ।




**ਯੂਨਾਈਟਿਡ ਸਿਖਜ ਦੇ ਐਡਵੋਕੇਟ, ਸੰਦੀਪ ਗੋਰਸੀ ਨੇ, ਭਾਈ ਸਤਨਾਮ ਸਿੰਘ ਦੁਆਰਾ, ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਐਸ.ਐਸ. ਸ਼੍ਰੀਵਾਸਤਵ ਪਾਸ, ਕ੍ਰਿਮਿਨਲ ਕੰਪਲੇਂਟ ਦਰਜ ਕੀਤੀ ।**

ਪਿਛਲੇ ਹਫਤੇ ਯੂ ਟਿਊਬ ਤੇ ਅਤੇ ਹੋਰ ਸੋਸ਼ਲ ਮੀਡਿਆ ਸਾਈਟਾਂ ਤੇ ਜੋ ਵੀਡਿਓ ਵਾਇਰਲ ਹੋਈ ਸੀ ਉਸ ਵਿਚ ਨਰਾਇਣ ਦਾਸ ਨੇ ਨਾ ਸਿਰਫ ਗੁਰਬਾਣੀ (ਸਿੱਖ ਧਾਰਮਿਕ ਗ੍ਰੰਥ) ਦੀ ਅਖੰਡਤਾ ਤੇ ਸਵਾਲ ਉਠਾਏ ਸਗੋਂ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ (ਸ਼ਹਾਦਤ) ਦੀ ਵੀ ਨਿੰਦਿਆ ਕੀਤੀ।

ਇਹ ਕ੍ਰਿਮਿਨਲ ਕੰਪਲੇਂਟ ਭਾਰਤੀ ਪੀਨਲ ਕੋਡ ਦੀ ਧਾਰਾ 153 (ਏ), 153 (ਬੀ), 292, 293, 295 (ਏ) 298 ਅਤੇ 500 ਅਧੀਨ, ਨਰਾਇਣ ਦਾਸ ਅਤੇ ਸੋਸ਼ਲ ਮੀਡੀਆ ਸਾਈਟਾਂ ਦੇ ਡਾਇਰੇਕਟਰਾਂ, ਏਜੇਂਟਾਂ, ਅਧਿਕਾਰਿਆਂ, ਨੁਮਾਂਇੰਦਿਆਂ ਅਤੇ ਕਰਮਚਾਰੀਆਂ ਦੇ ਵਿਰੁੱਧ, ਸਤਨਾਮ ਸਿੰਘ ਦੁਆਰਾ ਯੂਨਾਈਟਿਡ ਸਿਖਸ ਦੇ ਵਕੀਲ ਸੰਦੀਪ ਗੋਰਸੀ ਅਤੇ ਨੀਤੂ ਸਿੰਘ ਨੇ ਦਾਇਰ ਕੀਤੀ ਗਈ ਹੈ। ਇਸ ਕ੍ਰਿਮਿਨਲ ਕੰਪਲੇਂਟ ਨੂੰ ਭਾਰਤੀ ਪ੍ਰਧਾਨਮੰਤ੍ਰੀ, ਪੰਜਾਬ ਮੁਖਮੰਤਰੀ, ਯੂਨੀਯਨ ਅਤੇ ਰਾਜ ਗ੍ਰਹਿਮੰਤ੍ਰੀ ਅਤੇ ਅੰਮ੍ਰਿਤਸਰ ਦੇ ਡੀ.ਸੀ ਨੂੰ ਕਾਪੀ ਕੀਤਾ ਗਿਆ ਹੈ।

ਇਸ ਵੀਡੀਓ ਨਾਲ ਭਾਰਤ ਦੇ ਧਰਮ ਨਿਰਪੱਖਤਾ ਨੂੰ ਖਤਰਾ ਹੈ, ਜਿਸ ਨਾਲ ਸਿੱਖਾਂ ਅਤੇ ਸਿਵਲ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਅਸੀ ਪ੍ਰਸ਼ਾਸਕੀ ਏਜੰਸੀਆਂ ਤੋਂ ਮੰਗ ਕਰਦੇ  ਹਾਂ ਕਿ ਨਰਾਇਣ ਦਾਸ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਉਡੀਕ ਨਾ ਕਰਨ ਕਿ ਹੋਰ ਨੁਕਸਾਨ ਹੋ ਜਾਵੇ। ਇਹ ਪੇਸ਼ ਕੀਤਾ ਜਾਂਦਾ ਹੈ ਕਿ ਪੁਲਿਸ ਅਤੇ ਸਰਕਾਰ ਨੇ ਨਰਾਇਣ ਦਾਸ ਵਿਰੁੱਧ ਕਿਸੇ ਵੀ ਕੇਸ ਨੂੰ ਦਰਜ ਕਰਨ ਲਈ ਕੋਈ ਵੀ ਕਾਰਵਾਈ ਨਹੀਂ ਕੀਤੀ ਹੈ ਅਤੇ ਨਾ ਹੀ ਉਨ੍ਹਾਂ ਨੇ ਸੋਸ਼ਲ ਮੀਡੀਆ ਸਾਈਟ ਅਤੇ ਇਸ ਦੇ ਸੰਬੰਧਿਤ ਅਧਿਕਾਰਿਆਂ ਦੇ ਵਿਰੁੱਧ ਕੋਈ ਵੀ ਕਦਮ ਚੁੱਕੇ ਹਨ ਤਾਂ ਜੋ ਉਹ ਨਰਾਇਣ ਦਾਸ ਨੂੰ ਅੱਗੇ ਇਸ ਤਰ੍ਹਾਂ ਦੇ ਹੋਰ ਸ਼ਬਦ ਬੋਲਣ ਤੋਂ ਰੋਕ ਸਕਣ। "ਅਸੀ ਚਿੰਤਿਤ ਹਾਂ ਕਿ ਹੋ ਸਕਦਾ ਹੈ ਕਿ ਨਰਾਇਣ ਦਾਸ 20 ਮਈ 2018 ਅੰਮ੍ਰਿਤਸਰ 'ਚ ਜਨਤਕ ਮੀਟਿੰਗ 'ਚ ਬੋਲੇ"। ਯੂਨਾਈਟਿਡ ਸਿਖਸ ਇੰਟਰਨੈਸ਼ਨਲ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ।

ਉਨ੍ਹਾਂ ਨੇ ਕਿਹਾ "ਵੀਡੀਓ ਰਿਕਾਰਡਿੰਗ ਪੁਲਿਸ ਨੂੰ ਪ੍ਰਦਾਨ ਕੀਤੀ ਗਈ ਹੈ ਅਤੇ ਅਸੀ ਮੀਡੀਆ  ਅਤੇ  ਜਨਤਾ ਨੂੰ ਬੇਨਤੀ ਕਰਦੇ ਹਾਂ ਕਿ ਇਸ ਵੀਡੀਓ ਦਾ ਪ੍ਰਚਾਰ ਅੱਗੇ ਨਾ ਕਰਣ ਕਿਉਕਿ ਇਹ ਅਪਮਾਨਜਨਕ ਅਤੇ ਭੜਕਾਉ ਸਾਮਗ੍ਰੀ ਹੈ। ਇਸ ਨਾਲ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਤੋਂ ਕੁਝ ਹਫਤੇ ਪਹਿਲਾਂ ਨਸਲੀ ਇਕਸੁਰਤਾ ਨੂੰ ਖਤਰਾ ਹੋ ਸਕਦਾ ਹੈ"।

"ਅਸੀ ਪੁਲਿਸ ਕਮਿਸ਼ਨਰ ਨੂੰ ਬੇਨਤੀ ਕੀਤੀ ਹੈ ਕਿ ਉਹ ਸਾਡੀ ਕ੍ਰਿਮਿਨਲ ਕੰਪਲੇਂਟ ਦਰਜ ਕਰੇ, ਅਪਰਾਧ ਦਾ ਮਾਮਲਾ ਸਮਝੇ, ਕਿਉਂਕਿ ਉਸਦੀ ਸਾਮਗਰੀ ਅਪਰਾਧਜਨਕ ਹੈ ਅਤੇ ਬਿਨਾਂ ਦੇਰ ਕੀਤਿਆਂ ਦੋਸੀਆਂ ਤੇ ਮੁਕਦਮਾ ਚਲਾਉਂਣ ਲਈ ਐਫ.ਆਈ. ਆਰ. ਦਰਜ ਕਰਣ", ਉਨ੍ਹਾਂ ਕਿਹਾ।

ਯੂਨਾਈਟਿਡ ਸਿਖਸ ਯੂ.ਅਨ. ਦੀ ਮਾਨਤਾ ਪ੍ਰਾਪਤ, ਅੰਤਰਰਾਸ਼ਟਰੀ, ਗੈਰ-ਮੁਨਾਫਾ, ਗੈਰ-ਸਰਕਾਰੀ, ਮਾਨਵਤਾਵਾਦੀ ਰਾਹਤ, ਮਨੁੱਖੀ ਵਿਕਾਸ ਅਤੇ ਵਕਾਲਤ ਸੰਸਥਾ ਹੈ, ਜੋ ਕਿ ਲੋੜਵੰਦਾਂ ਨੂੰ ਖਾਸ ਕਰਕੇ ਦੁਰਾਚਾਰੀ ਅਤੇ ਘੱਟ ਗਿਣਤੀ ਦੇ ਭਾਈਚਾਰੇ ਨੂੰ ਸ਼ਕਤੀਸ਼ਾਲੀ ਬਣਾਉਣ ਦਾ ਮੰਤਵ ਰਖਦੀ ਹੈ। ਅਸੀ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 ਦੇ ਤਹਿਤ ਰਜਿਸਟਰਡ ਇਕ ਸੋਸਾਇਟੀ ਹਾਂ ।

ਤੁਸੀਂ ਯੂਨਾਈਟਿਡ ਸਿਖਜ ਦੇ ਮਨੁੱਖੀ ਅਤੇ ਸਿਵਿਲ ਅਧਿਕਾਰਾਂ ਦੇ ਪ੍ਰੋਜੈਕਟਾਂ ਬਾਰੇ ਹੋਰ ਪੜ੍ਹ ਸਕਦੇ ਹੋ:

http://unitedsikhs.org/civil-rights/

ਜਾਰੀਕਰਤਾ

ਮਜਿੰਦਰਪਾਲ ਕੌਰ

ਇੰਟਰਨੈਸ਼ਨਲ ਲੀਗਲ ਡਾਇਰੈਕਟਰ

ਯੂਨਾਈਟਿਡ ਸਿਖਜ

+91 9 779957973

www.unitedsikhs.org